ਦੁਨੀਆਂ ਦੇ ਸੱਤ ਅਜੂਬੇ

G. 651

دنیا دے ست عجوبے



روضۂ مقدس تاج محل آگرہ

LIBRARY LAHORE

੧ ਓ ਸਤਿਗੁਰਪ੍ਰਸਾਦਿ ॥

ਅਰੰਭ

ਕਿੰਨੇ ਚਿਰ ਤੋਂ ਹੀ ਮੈਨੂੰ ਇਹ ਖ਼ਿਆਲ ਸੀ ਜੋ ਆਪਨੇ ਕੇਵਲ ਪੰਜਾਬੀ ਦੇ ਜਾਨੂੰ ਭੈਣ ਭਰਾਵਾਂ ਲਈ ਇੱਕ ਅਜੇਹੀ ਪੁਸਤਕ ਲਿਖਾਂ ਜਿਸ ਤੋਂ ਓਨ੍ਹਾਂ ਨੂੰ ਪੁਰਾਨੇ ਸਮੇਂ ਦੇ ਕਾਰੀਗਰਾਂ ਦੀ ਕਾਰਾਗਰੀ ਦਾ ਪਤਾ ਲਗ ਜਾਏ ਤੇ ਨਾਲੇ ਓਨ੍ਹਾਂ ਨੂੰ ਇਹ ਵੀ ਮਲੂਮ ਹੋ ਜਾਏ ਕਿ ਪਹਿਲੇ ਸਮਿਆਂ ਵਿਚ ਕੀ ਕੁਝ ਹੋ ਚੱਕਾ ਹੈ। ਅੰਤ ਵਿੱਚ ਜਦ ਮੈਂ ਇੱਕ ਦਿਨ ਮਹਾਸ਼ਾ ਸੁਦਰਸ਼ਨ ਜੀ ਦੀ ਉਰਦੂ ਪੁਸਤਕ "ਦੁਨੀਆਂ ਕੇ ਅਜਾਇਬਾਤ" ਪੜ੍ਹੀ ਤਾਂ ਮੈਂ ਆਪਣੇ ਮਨ ਨਾਲ ਫ਼ੈਸਲਾ ਕਰ ਲਿਆ ਜੋ ਇਹ ਪੁਸਤਕ ਮੇਰੀ ਲੋੜ ਨੂੰ ਜ਼ਰੂਰ ਹੀ ਪੂਰਾ ਕਰੇਗੀ, ਕਿਉਂ ਜੋ ਮੇਰੇ ਭੈਣ ਭਰਾ ਏਸ ਨੂੰ ਪੜ੍ਹ ਕੇ ਬਹੁਤ ਪ੍ਰਸੰਨ ਹੋਣਗੇ ਤੇ ਓਹਨਾਂ ਪੁਰਾਨੇ ਸਮੇਂ ਦੀ ਵੀ ਵਾਕਬੀ ਹੋ ਜਾਏਗੀ ॥

ਮੈਂ ਮਹਾਸ਼ਾ ਸੁਦਰਸ਼ਨ ਜੀ ਦਾ ਅਤਿ ਧੰਨਵਾਦੀ ਹਾਂ ਜੋ ਉਨ੍ਹਾਂਨੇ ਬੜੀ ਕ੍ਰਿਪਾਲਤਾ ਦਵਾਰਾ ਏਸ ਆਪਨੀ ਪੁਸਤਕ ਦਾ ਪੰਜਾਬੀ ਉਲਥਾ ਕਰਨ ਦੀ ਆਗਿਆ ਦਿੱਤੀ ਹੈ ਤੇ ਨਾਲੇ ਹੀ ਆਪ ਨੇ ਅਪਨੇ ਤਸਵੀਰਾਂ ਦੇ ਬਲਾਕ ਵੀ ਛਾਪਨ ਲਈ ਦੇ ਦਿੱਤੇ ਹਨ, ਜਿਨ੍ਹਾਂ ਦੇ ਬਗ਼ੈਰ ਇਹ ਪੁਸਤਕ ਅਧੂਰੀ ਹੀ ਰਹਿ ਜਾਂਦਾ। ਲੋੜ ਅਨੁਸਾਰ ਪੁਸਤਕ ਵਿਚ ਕਈ ਥਾਈਂ ਸ਼ਬਦਾਂ ਦੀ ਹੇਰਾ ਫੇਰੀ ਵੀ ਕੀਤੀ ਗਈ ਹੈ॥

ਦਾਸ
ਜੂਨ ੧, ੧੯੨੬ } **ਅਮਰ ਸਿੰਘ**

ਭੂਮਿਕਾ

ਵਾਹਿਗੁਰੂ ਦੀ ਕੁਦਰਤ ਅਜੀਬ ਹੈ, ਏਸ ਸੰਸਾਰ ਵਿੱਚ ਅਜਿਹੀਆਂ ੨ ਅਸਚਰਜ ਵਸਤਾਂ ਹਨ ਜੋ ਉਨ੍ਹਾਂ ਨੂੰ ਵੇਖ ਕੇ ਮਨੁੱਖ ਦਾ ਦਮਾਗ਼ ਚੱਕਰ ਖਾ ਜਾਂਦਾ ਹੈ। ਜਿਨ੍ਹਾਂ ਲਕਾਂ ਨੇ ਸਮੁੰਦਰ ਵੇਖਿਆ ਹੈ ਓਹ ਜਾਣਦੇ ਹਨ ਜੋ ਇਹ ਕਿੱਡਾ ਵੱਡਾ ਹੈ। ਹਜ਼ਾਰਾਂ ਮੀਲਾਂ ਵਿੱਚ ਪਾਣੀ ਹੀ ਪਾਣੀ ਖਿਲਰਿਆ ਹੋਇਆ ਹੈ ਤੇ ਉਸ ਵਿੱਚ ਹਜ਼ਾਰਾਂ ਜਾਤਾਂ ਦੀਆਂ ਮੱਛੀਆਂ, ਮਗਰਮੱਛ, ਤੰਦੂਏ ਸਮੁੰਦਰੀ ਸੱਪ ਤੇ ਘੜਿਆਲ ਤੇ ਹੋਰ ਕੇਈ ਪਾਣੀ ਦੇ ਜਨੌਰ ਰਹਿੰਦੇ ਹਨ। ਜੇ ਕਦੀ ਇਹ ਸਾਰੀਆਂ ਬਲਾਈਂ ਜ਼ਮੀਨ ਤੇ ਆ ਜਾਣ ਤਾਂ ਮਨੁੱਖਾਂ ਦਾ ਜੀਵਨ ਔਖਾ ਹੋ ਜਾਏ। ਏਸੇ ਤਰ੍ਹਾਂ ਜਦ ਆਦਮੀ ਪਹਾੜ ਵਲ ਨਜ਼ਰ ਮਾਰਦਾ ਹੈ ਤਾਂ ਹਰਾਨ ਪਿਆ ਹੁੰਦਾ ਹੈ ਤੇ ਸੋਚਦਾ ਹੈ, ਜੋ ਹੇ ਵਾਹਿਗੁਰੂ ਏਡਾ ਉੱਚਾ ਤੇ ਲੰਮਾ ਚੌੜਾ ਸਿਲਸਲਾ ਕਿਸ ਤਰ੍ਹਾਂ ਬਨਿਆ ਹੋਵੇਗਾ। ਜੇ ਰਾਤੀ ਅਕਾਸ ਵਲ ਧਿਆਨ ਮਾਰੋ ਤਾਂ ਏਨੇ ਤਾਰੇ ਨਜਰੀ ਆਉਂਦੇ ਹਨ ਜੋ ਓਨ੍ਹਾਂ ਦਾ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.